6

# ਖ਼ੁਦਾ ਤੇ ਭਰੋਸਾ ਰੱਖੋ

ਅਸੀਂ ਵੇਖਿਆ ਹੈ ਕਿ ਸਾਨੂੰ ਦੁਆ ਕਰਨੀ ਨਹੀਂ ਆਉਂਦੀ। ਕਈ ਵਾਰ ਅਸੀਂ ਜਿਵੇਂ ਜਿਵੇਂ ''ਕਿੱਲ੍ਹ ਕਿੱਲ੍ਹ ਕੇ'' ਦੁਆ ਕਰਦੇ ਹਾਂ, ਤਿਵੇਂ ਤਿਵੇਂ ਘਬਰਾਈ ਜਾਂਦੇ ਹਾਂ। ਮਾਰਟਿਨ ਲੂਥਰ ਨੇ ਇਕ ਸੰਖੇਪ ਟਿੱਪਣੀ ਕੀਤੀ ਸੀ ਕਿ ''ਇੰਨਾ ਕਿੱਲ੍ਹ ਕੇ ਦੁਆ ਨਾ ਕਰੋ ਕਿ ਤੁਹਾਨੂੰ ਰੂਹਾਨੀ ਬਦਹਜ਼ਮੀ ਹੋ ਜਾਏ।''

ਹੋ ਸਕਦਾ ਹੈ ਕਿ ਤੁਸੀਂ ਦੁਆ ਦੀਆਂ ਬਹੁਤ ਸਾਰੀਆਂ ਗੱਲਾਂ ਜਾਣਦੇ ਹੋਵੋ, ਪਰ ਫਿਰ ਵੀ ਦੁਆ ਨਾ ਕਰਦੇ ਹੋਵੋ। ਦੁਆ ਕਰਨਾ ਦੁਆ ਕਰਨ ਨਾਲ ਹੀ ਆਉਂਦਾ ਹੈ। ਦੁਆ ਕਰਨ ਦਾ ਸਭ ਤੋਂ ਵੱਧ ਰੋਮਾਂਚ ਉਹ ਸਭ ਕੁਝ ਪਾ ਲੈਣ ਵਿਚ ਨਹੀਂ, ਜਿਸ ਦੀ ਇੱਛਾ ਤੁਸੀਂ ਕਰਦੇ ਹੋ, ਬਲਕਿ ਆਪਣੀ ਜ਼ਿੰਦਗੀ ਵਿਚ ਖ਼ੁਦਾ ਨੂੰ ਕੰਮ ਕਰਦਿਆਂ ਵੇਖਣਾ ਹੈ। ਦੁਆ ਦੀ ਵੱਡੀ ਬਰਕਤ ਉਹ ਪਾਉਣਾ ਨਹੀਂ ਜਿਸ ਦੀ ਤੁਹਾਨੂੰ ਇੱਛਾ ਸੀ, ਬਲਕਿ ਖ਼ੁਦਾ ਨੂੰ ਪਾ ਲੈਣਾ ਹੈ! ਦੁਆ ਦੀ ਸਮਰੱਥਾ ਖ਼ੁਦਾ ਨੂੰ ਪਾਉਣਾ ਭਾਵ ਖ਼ੁਦਾ ਦੇ ਜਵਾਬ ਅਤੇ ਉਸਦੀ ਅਗਵਾਈ ਪਾਉਣਾ ਹੈ। *ਖ਼ਬਰਦਾਰ!* ਅਸਮਾਨ ਵਿਚ ''ਜਾ ਪ'' ਲਿਖੇ ਹੋਣ ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ''ਜਾ ਪ੍ਰਚਾਰ ਕਰ'' ਹੀ ਹੋਵੇ; ਇਸਦਾ ਅਰਥ ''ਜਾ ਪੈਲੀ ਗੋਡ'' ਵੀ ਹੋ ਸਕਦਾ ਹੈ। ਬਾਹਰਮੁਖੀ ਹੁਕਮ ਮੰਨਣੇ ਜ਼ਰੂਰੀ ਹੋ ਸਕਦੇ ਹਨ। ਖਿਆਲੀ ਹੁਕਮ ਫ਼ਰੇਬ ਹੋ ਸਕਦੇ ਹਨ। ਅਸੀਂ ਸਭ ਮਿਸ਼ਨਾਂ, ਕੀਮਤੀ ਇਮਾਰਤਾਂ ਬਨਾਉਣ, ਅਤੇ ਨਿੱਜੀ ਵਿੱਤ ਦੀਆਂ ਡਰਾਉਣੀਆਂ ਕਹਾਣੀਆਂ ਤੋਂ ਵਾਕਫ਼ ਹਾਂ। ਅਸੀਂ ਨਿਸ਼ਾਨਾਂ ਨੂੰ ਪੜ੍ਹਦੇ ਹਾਂ, ਪਰ ਗਲਤ ਅਰਥ ਕੱਢਦੇ ਹਾਂ। ਫਿਰ ਖ਼ੁਦਾ ਤੇ ਇਲਜ਼ਾਮ ਲਾਇਆ ਜਾਂਦਾ ਹੈ ਅਤੇ ਦੁਆ ਨੂੰ ਨਾਕਾਮ ਮੰਨਿਆ ਜਾਂਦਾ ਹੈ। ਉਮਰ ਦੇ ਵਧਣ ਨਾਲ ਖ਼ੁਦਾ ਦੀ ਅਗਵਾਈ ਨੂੰ ਮੰਨਣਾ ਔਖਾ ਹੈ! ਖ਼ੁਦਾ ਦੀ ਅਗਵਾਈ ਵਾਸਤੇ ਦੁਆ ਕਰੋ। ਖ਼ੁਦਾ ਦੀ ਅਗਵਾਈ ਨੂੰ ਭਾਲੋ। ਫਿਰ ਹੌਲੀ ਹੌਲੀ ਅੱਗੇ ਵਧੋ। ਟੈਲੀਵਿਜ਼ਨ ਦੇ ਪ੍ਰਚਾਰਕ ਮੈਨੂੰ ਡਰਾ ਦਿੰਦੇ ਹਨ! ਉਨ੍ਹਾਂ ਦੀਆਂ ਗਵਾਹੀਆਂ ਮੈਨੂੰ ਦੰਗ ਕਰ ਦਿੰਦੀਆਂ ਹਨ! ਉਹ ਦੁਆ ਕਰਦੇ ਹਨ, ਅਤੇ ਖ਼ੁਦਾ ਝੱਟ ''ਲਿਖਤ ਵਿਚ'' ਉਨ੍ਹਾਂ ਨੂੰ ਇਸ ਦਾ ਜਵਾਬ ਦੇ ਦਿੰਦਾ ਹੈ। ਮੇਰੀ ਦੁਆ ਇਵੇਂ ਨਹੀਂ ਸੁਣੀ ਜਾਂਦੀ। ਕਈ ਵਾਰ ਜਿੰਨੀ ਵੱਧ ਮੈਂ ਦੁਆ ਕਰਦਾ ਹਾਂ ਓਨਾਂ ਹੀ ਮੈਨੂੰ ਘੱਟ ਜਵਾਬ ਮਿਲਦਾ ਹੈ। ਜੋ ਖ਼ੁਦਾ ਦਾ ਉਪਾਅ ਲਗਦਾ ਸੀ ਉਹ ''ਅਕਾਸ਼ ਵਿਚ ਪਤੰਗ ਨਾਲੋਂ ਵੀ ਉੱਚਾ ਉੱਠ ਗਿਆ'' ਵਾਲੀ ਗੱਲ ਵਰਗਾ ਹੈ। ਆਪਣੀਆਂ ਖੁਦਗਰਜ਼ ਇੱਛਾਵਾਂ ਲਈ ਸੰਕੇਤਾਂ ਦਾ ਅਰਥ ਕੱਢਣਾ ਬੜਾ ਅਸਾਨ ਹੈ।

ਢੁਕਵੇਂ ਹਾਲਾਤ ਵਿਚ ਹੋ ਸਕਦਾ ਹੈ ਕਿ ਸਾਨੂੰ ਫ਼ੈਸਲਾ ਲੈਣ ਦੀ ਸਮਝ ਮਿਲ ਜਾਏ, ਪਰ ਉਹ ਫ਼ੈਸਲੇ ਬਾਈਬਲ ਦੀ ਅਗਵਾਈ ਵਰਗੇ ਅਚੂਕ ਨਹੀਂ ਹਨ। ਖਿਆਲ ਨਾਸਵਾਨ ਅਤੇ ਭੁਰਪਰੇ ਹਨ ... ਇਸ ਨੂੰ ਧਿਆਨ ਨਾਲ ਫੜੀ ਰੱਖੋ। ਸਾਡਾ ਕੋਈ ਵੀ ਅਨੁਭਵ ਬਿਨਾਂ ਗਲਤੀ ਦੇ ਨਹੀਂ ਹੁੰਦਾ। ਜਜ਼ਬਾਤ ਨੂੰ ਕਦੇ ਵੀ ਵਿਚਾਰ ਅਤੇ ਸਹਿਜ ਬੁੱਧੀ ਦਾ ਬਦਲ ਨਹੀਂ ਮੰਨਣਾ ਚਾਹੀਦਾ। ਕਿਸੇ ਚੀਜ਼ ਬਾਰੇ ਚੰਗਾ ਮਹਿਸੂਸ ਕਰਨ ਤੋਂ ਭਾਵ ਇਹ ਨਹੀਂ ਹੈ ਕਿ ਇਹੀ ਕੀਤਾ ਜਾਵੇ। ਦੁਆ ਵਿਚ ਕੁਝ ਵੀ ਆਪਣੇ ਆਪ ਨਹੀਂ ਹੁੰਦਾ।

ਦੁਆਵਾਂ ਸਾਫ਼ ਸਾਫ਼ ਦੱਸੋ। ਸਾਫ਼ ਸਾਫ਼ ਦੱਸੋ ਕਿ ਤੁਸੀਂ ਕੀ ਚਾਹੁੰਦੇ ਹੋ। ਪਰ ਜੇ ਕੁਝ ਅਲਗ ਹੋ ਜਾਂਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਖ਼ੁਦਾ ਸੁਣ ਨਹੀਂ ਰਿਹਾ। ਇਸ ਤੋਂ ਵੀ ਤੁਸੀਂ ਕੁਝ ਸਿੱਖ ਸਕਦੇ ਹੋ। ਵਚਨ ਵਿੱਚੋਂ ਲੱਭੋ। ਖ਼ੁਦਾ ਦੀ ਗੱਲ ਤੇ ਧਿਆਨ ਦਿਓ। ਦੁਆ ਵਿਚ ਜੋ ਕੁਝ ਅਸੀਂ ਬੋਲਦੇ ਹਾਂ ਉਹ ਸੁਣਿਆ ਵੀ ਜਾਂਦਾ ਹੈ। ਖ਼ੁਦਾ ਦੀ ਅਗਵਾਈ ਮੰਗੋ। ਹਲੀਮੀ ਨਾਲ ਹੁਕਮ ਮੰਨੋ। ਜਜ਼ਬਾਤ ਵਿਚ ਨਾ ਰਹੋ। ਉਨ੍ਹਾਂ ਸੰਦੇਸ਼ਾਂ ਤੇ ਧਿਆਨ ਨਾ ਦਿਓ, ਜੋ ਨਜ਼ਰ ਨਹੀਂ ਆਉਂਦੇ।

ਖ਼ੁਦਾ ਦੀ ਅਗਵਾਈ ਭਾਲਣ ਦਾ ਸਾਡਾ ਸਿੱਧਾ ਜਵਾਬ ਹੈ, ''ਉੱਨ ਪਾਉਣਾ।'' ਨਿਆਈਆਂ ਦੀ ਕਿਤਾਬ 6:36–40 ਦਾ ਫੇਰ ਅਧਿਐਨ ਕਰੋ। ਗਿਦਾਊਨ ਨੂੰ ਖ਼ੁਦਾ ਵੱਲੋਂ ਇਹ ਕੰਮ ਕਰਨ ਲਈ ਬੁਲਾਇਆ ਗਿਆ ਸੀ। ਗਿਦਾਊਨ ਨੂੰ ਖ਼ੁਦਾ ਨੇ ਸਾਫ਼ ਸਾਫ਼ ਦੱਸ ਦਿੱਤਾ ਸੀ ਕਿ ਉਹ ਕੀ ਚਾਹੁੰਦਾ ਹੈ। ਮੁੱਦਾ ਖ਼ੁਦਾ ਦੀ ਅਗਵਾਈ ਦਾ ਨਹੀਂ ਬਲਕਿ ਖ਼ੁਦਾ ਦੀ ਗੱਲ ਨੂੰ ਮੰਨਣ ਦਾ ਸੀ! ਉੱਨ ਰੱਖ ਕੇ ਗਿਦਾਊਨ ਅਗਵਾਈ ਨਹੀਂ ਬਲਕਿ ਖ਼ੁਦਾ ਤੋਂ ਸਬੂਤ ਮੰਗ ਰਿਹਾ ਸੀ। ਗਿਦਾਊਨ ਖ਼ੁਦਾ ਦੀ ''ਜਮਾਤ ਦਾ ਮੰਦਬੁੱਧੀ'' ਵਿਦਿਆਰਥੀ ਸੀ! ਸਬਕ ਗਿਦਾਊਨ ਦੀ ਉੱਨ ਨਹੀਂ ਬਲਕਿ ਖ਼ੁਦਾ ਦਾ ਧੀਰਜ ਸੀ। ਗਿਦਾਊਨ ਨੂੰ ਖ਼ੁਦਾ ਦੇ ਫ਼ਰਿਸ਼ਤੇ ਨੇ ਪਹਿਲਾਂ ਵੀ ਬੁਲਾਇਆ ਸੀ। ਗਿਦਾਊਨ ਨੇ ਪਹਿਲਾਂ ਵੀ ਮੋਅਜਜ਼ੇ ਕੀਤੇ ਸਨ। *ਉੱਨ ਲਾਹੁਣ ਤੋਂ ਉਸ ਦੇ ਵਿਸ਼ਵਾਸ ਦਾ ਨਹੀਂ ਬਲਕਿ ਸ਼ੱਕ ਦਾ ਪਤਾ ਲੱਗਾ।*

ਪਰ ਗਿਦਾਊਨ ਦਾ ਨਿਆਂ ਇੰਨੀ ਸਖ਼ਤੀ ਨਾਲ ਨਾ ਕਰੋ। ਸਮਾਂ ਸਚਮੁਚ ਮੁਸ਼ਕਿਲ ਸੀ। ਖ਼ੁਦਾ ਕਿੱਥੇ ਸੀ? ਗਿਦਾਊਨ ਇਕ ''ਅਨਾਮ ਅਗਿਆਨੀ'' ਸੀ। ਉਹ ਡਰਿਆ ਹੋਇਆ ਸੀ। ਉਹ ਇਮਾਨਦਾਰ ਸੀ।

ਜ਼ਬੂਰਾਂ ਦੀ ਪੋਥੀ ਨੂੰ ਅੱਜ ਵੀ ਅਸੀਂ ਆਪਣੀ ਦੁਆਵਾਂ ਦੀ ਕਿਤਾਬ ਮੰਨਦੇ ਹਾਂ। ਰੂਹਾਨੀ ਦੁਆਵਾਂ ਦਿਖਾਵਟੀ ਬਕਬਕ ਨਹੀਂ ਹਨ। ਅਸਲ ਦੁਆ ਦੁਖੀ ਮਨੁੱਖ ਦੇ ਨਿਹਕਲੰਕ ਜਜ਼ਬਾਤ ਹਨ। ਗਿਦਾਊਨ ਨੂੰ ਜਿੰਨਾ ਭਰੋਸਾ ਆਪਣੇ ਆਪ ਉੱਤੇ ਸੀ, ਓਨਾਂ ਹੀ ਉਸ ਨੇ ਖ਼ੁਦਾ ਉੱਤੇ ਸ਼ੱਕ ਨਹੀਂ ਕੀਤਾ। ਉਸ ਤੋਂ ਸਾਡੀਆ ਮੁਸ਼ਕਿਲਾਂ ਹੱਲ ਨਹੀਂ ਹੋ ਜਾਂਦੀਆਂ। ਭਰੋਸਾ ਕਰਨਾ ਅਤੇ ਹੁਕਮ ਮੰਨਣਾ ਜ਼ਰੂਰੀ ਹੈ। ਤੈਰਨਾ ਸਿੱਖਣ ਲਈ ਪਾਨੀ ਵਿਚ ਜਾਣ ਦਾ ਜੋਖਿਮ ਤਾਂ ਲੈਣਾ ਹੀ ਪਵੇਗਾ। ਗਿਦਾਊਨ ਖ਼ੁਦਾ ਬਾਰੇ ਇਨਾਂ ਨਹੀਂ ਜਾਣਦਾ ਸੀ। ''ਇਮਾਨਦਾਰੀ ਨਾਲ ਕੀਤਾ ਗਿਆ ਸ਼ੱਕ ਹਰ ਦੁਆ ਤੋਂ ਵੱਧ ਈਮਾਨਦਾਰ ਹੈ।'' ਵਿਸ਼ਵਾਸ ਅੰਨ੍ਹਾ ਨਹੀਂ ਹੈ। ਵਿਸ਼ਵਾਸ ਪਰੀਆਂ ਦੀ ਕਹਾਣੀ ਵੀ ਨਹੀਂ ਹੈ। ਗਿਦਾਊਨ ਨੇ ਇਹ ਸਿੱਖਣਾ ਸੀ ਕਿ ਕੋਈ ਵੀ ''ਇੰਨਾ ਛੋਟਾ'' ਨਹੀਂ ਹੋ ਸਕਦਾ ਕਿ ਖ਼ੁਦਾ ਉਸ ਨੂੰ ਇਸਤੇਮਾਲ ਨਾ ਕਰ ਸਕੇ–ਪਰ ਕੋਈ ''ਐਨਾ ਵੱਡਾ'' ਹੋ ਸਕਦਾ ਹੈ ਕਿ ਉਹ ਉਸ ਨੂੰ ਇਸਤੇਮਾਲ ਕਰ ਸਕੇ। ਖ਼ੁਦਾ ਤੇ ਭਰੋਸਾ ਰੱਖੋ ਅਤੇ ਸਭ ਲੋਕ ''ਦਿਖਾਵਟੀ'' ਨਹੀਂ ''ਦਿਖਾਵਾ'' ਕਦੀ ਉੱਥੇ ਨਹੀਂ ਲੈ ਜਾਵੇਗਾ, ਜਿੱਥੇ ਖ਼ੁਦਾ ਦੀ ਕਿਰਪਾ ਤੁਹਾਨੂੰ ਹੱਥ ਲਾ ਸਕੇ। ਦੁਆਵਾਂ ਦਾ ਜਨਾਜ਼ੇ ਵਾਂਗ ਪਹਿਲਾਂ ਤੋਂ ਪ੍ਰਬੰਧ ਕਰਨ ਦੀ ਕੋਸ਼ਿਸ਼ ਨਾ ਕਰੋ। ਹੋ ਸਕਦਾ ਹੈ ਕਿ ਤੁਹਾਨੂੰ ਜਵਾਬ ਨਾ ਮਿਲੇ ਪਰ ਤੁਹਾਨੂੰ ਖ਼ੁਦਾ ਤਾਂ ਮਿਲ ਗਿਆ ਹੈ।